ਹਰਿ-ਮਤ ਮੁਕਾਬਲਾ

ਪੇਪਰ ਨੰ-੮

੧੦ ਪੋਹ ਸ਼ੈ: ਸੰ: ੩੬ (੨੪ ਦਸੰਬਰ ੨੦੦੦)

ਮਾਟੂੰਦਾ

ਜਿਲਾ ਬੂੰਦੀ (ਰਾਜਿਸਥਾਨ)

ਨਾਮ . . . . . . . . . . . . . . . . . . . . . . . . . ਆਯੂ . . . . . . . .

ਪਿੰਡ / ਸ਼ਹਿਰ . . . . . . . . . . . . ਸਮਾਂ : ੨ ਘੰਟੇ

✳ ✳ ✳ ✳ ✳ ✳ ✳ ✳ ✳ ✳ ✳ ✳ ✳

ਸਲੇਬਸ

੧) "ਜਨਮ ਸਾਖੀ" (ਸਾਖੀ ੬੧ ਤੋਂ ੭੦)
੨) ਸ਼ਬਦ (੫੦੧ ਸ਼ਬਦਾਂ ਵਾਲੀ ਪੰਨਾ ਨੰ ੭੬ ਤੋਂ ੧੦੦)
੩) "ਕਿਸ ਦੀ ਕਰੋਗੇ ਪੂਜਾ"
੪) "ਪਿਛਲੇ ਪੇਪਰਾਂ ਚੋਂ"
੫) "ਨਾਮ ਸਿਮਰਨ"
੬) "ਗੁਰਸਿਖ"
੭) "ਹਰਿ ਸੰਗਤ"
੮) "ਅਕਲ ਕਹੇ"
੯) "ਬਿਆਸ ਕਿਨਾਰੇ"
੧੦) "ਨਿਹਕਲੰਕ"
੧੧) ਆਮ ਗਿਆਨ

ਨੋਟ :

✳ ਕੱਟ ਕੇ ਦੁਬਾਰਾ ਠੀਕ ਕਰਿਆ ਗਲਤ ਮੰਨਿਆ ਜਾਵੇਗਾ ।

✳ ਕੁਲ ਅੰਕ : ੧੦੦

✳ ✳ ✳ ✳ ✳ ✳ ✳ ✳ ✳ ✳ ✳ ✳ ✳

੦੧) “ਮਾਟੂੰਦਾ” ਕਿਸ ਦੀਪ ਵਿਚ ਹੈ ?

☐ ਜੰਬੁ ਦੀਪ ☐ ਲੱਖਣ ਦੀਪ

☐ ਕਰੌਚ ਦੀਪ ☐ ਸਲਮਲ ਦੀਪ

੦੨) ਗੋਬਿੰਦ ਕਿਹਾ ਗੁਰਸਿੱਖੋ ਕੋਈ ਰੱਖਣਾ ਨਹੀਂ ਰੋਜ਼ਾ, ............ ਤੁਹਾਡੀ ਰੀਤੀ ਦਿੱਤੀ ਬਣਾਈਆ ।

☐ ਵੰਡ ਕੇ ਖਾਣਾ ☐ ਭੁੱਖ ਰੱਖ ਕੇ ਖਾਣਾ

☐ ਰੱਜ ਕੇ ਖਾਣਾ ☐ ਖੋਹ ਕੇ ਖਾਣਾ

੦੩) ਕੀ ਅਕਲ ਨਾਲ ਭਗਵਾਨ ਲੱਭਿਆ ਜਾ ਸਕਦਾ ਹੈ ?

☐ ਹਾਂ ☐ ਨਹੀ

☐ ਕਦੇ ਕਦੇ ☐ ਹਾਂ ਵੀ, ਨਹੀਂ ਵੀ

੦੪) ਤੇਰਾ ਉਹ ਬੌਲਦ ਜਿਹੜਾ ਵੌਂਹਦਾ ਰਿਹਾ ਸ਼ੇਰ ਸਿੰਘ ਦਾ ਖੇਤ, ਸੇਵਾ ਖ਼ੁਸ਼ੀ ਨਾਲ ਕਮਾਈਆ । ਹੁਣ ਵਸਣਾ ਓਸੇ ਦੇ ਦੇਸ, ਜਿਥੇ ਜਨਮ ਮਰਨ ਦੀ ਲੋੜ ਰਹੇ ਨਾ ਰਾਈਆ । *ਕਿਸ ਦਾ ਬੌਲਦ ?*

☐ ਬੁੱਧ ਸਿੰਘ ਦਾ ☐ ਪਾਲ ਸਿੰਘ ਦਾ

☐ ਇੰਦਰ ਸਿੰਘ ਦਾ ☐ ਚੇਤ ਸਿੰਘ ਦਾ

੦੫) ਪ੍ਰਭ ਦੇ ਨਾਮ ਜਪਣ ਤੋਂ ਜਿਹੜੇ ਵੇਹਲੇ, ਓਨ੍ਹਾਂ .... ਵਿਚ ਰਖਾਇੰਦਾ ।

☐ ਚਰਨਾ ☐ ਸਚਖੰਡ

☐ ਲੋਕਮਾਤ ☐ ਝਗੜੇ

੦੬) ਪਤਾ ਨਹੀਂ ਗੋਬਿੰਦ ਕਿਹੜੀ ਗੱਲੋਂ ਸਾਡੇ ਨਾਲ ਰੁੱਸੇ, ਦੂਰ ਬੈਠਾ ਅੱਖ ਨਾ ਕੋਇ ਖੁਲ੍ਹਾਈਆ । ਉਚੀ ਕੂਕ ਪੁਕਾਰ ਕਿਹਾ ਬੌਹੜੀ ਦਰੋਹੀ ਸਤਿਗੁਰ ਨਾਲੋਂ ਕਦੇ ਨਾ ਕਿਸੇ ਦੀ ਟੁੱਟੇ, ਜਗਤ ਜੀਵਣ ਕੰਮ ਕਿਸੇ ਨਾ ਆਈਆ । ........ *ਕਿਸ ਨੇ ਕਿਹਾ ?*

☐ ਖਰਗੋਸ਼ ਨੇ ☐ ਕੁਝ ਗੁਰਸਿਖਾਂ ਨੇ

☐ ਕਿਕਰਾਂ ਦੇ ਤੁੱਕਿਆਂ ਨੇ ☐ ਹਾਥੀਆਂ ਨੇ

੦੭) ਮੇਰੇ ਦੀਨ ਦਿਆਲ ਜੇ ਅਸੀਂ ਨਾ ਹੋਈਏ ਤੇਰਾ ਕੋਈ ਨਾ ਜਪੇ ਜਾਪ, ਤੇਰੀ ਲੋੜ ਨਾ ਕੋਇ ਰਖਾਈਆ । ਜਗਤ ਅੰਧੇਰਾ ਹੋ ਜਾਏ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । *ਕਿਸ ਨੇ ਕਿਹਾ ?*

☐ ਸੂਰਜ ਚੰਦ ☐ ਦੁੱਖ ਰੋਗ

☐ ਗਰੰਥ ਸ਼ਾਸ਼ਤਰ ☐ ਵਿਦਵਾਨ

੦੮) ਡੱਬੀ ਕੁੱਤੀ ਜਿਸ ਨੂੰ ਸੱਚੇ ਪਾਤਸ਼ਾਹ ਬਹੁਤ ਪਿਆਰ ਕਰਦੇ ਸਨ, ਕਈ ਬਾਰ ਸੱਚੇ ਪਾਤਸ਼ਾਹ ਦੀ ਬੁੱਕਲ ਵਿਚ ਹੀ ਸੌਂ ਜਾਇਆ ਕਰਦੀ ਸੀ, ਪਿਛਲਾ ਜਨਮ ਕੀ ਸੀ ?

☐ ਮਾਈ ਜੀਉਣੀ ☐ ਘਵਿੰਡ ਦੀ ਇਕ ਮਾਈ

☐ ਮਾਈ ਗੁਲਾਬੀ ☐ ਚਿਟਾ ਕੁੱਕੜ

੦੯) ਗੁਰਮੁਖ ਵੇਖ ਚੜ੍ਹਿਆ ਚਾ, .......... ਖ਼ੁਸ਼ੀ ਮਨਾਈਆ । ਸਿੰਘ ਗਿਰਧਾਰ ਸੇਵ ਰਿਹਾ ਕਮਾ, ਜਿਸ ਦੀ ਸਾਰ ਕਿਸੇ ਨਾ ਪਾਈਆ । ਅੰਤ ਕੰਤ ਭਗਵੰਤ ਸੀਸ ਆਪਣੇ ਲਏ ਉਠਾ, ਬਿਨ ਹੱਥਾਂ ਸੇਵ ਕਮਾਈਆ ।

☐ ਗੁਰਸਿਖਾਂ ☐ ਸਤਿਗੁਰ ਨਾਨਕ
☐ ਚਾਰੇ ਜੁਗ ☐ ਹਰਿ ਸੰਗਤ

੧੦) ਧ੍ਰਿਗ ਗੁਰਸਿੱਖ ਜੋ ਖਾਵੇ ਹੱਡੀ, ਏਹ ਗੋਬਿੰਦ ਗਿਆ ਸਮਝਾਈਆ । ਗੋਬਿੰਦ ਦੀ ਕ੍ਰਿਪਾਨ ਧਾਰ ਕਿਸੇ ਬੱਕਰੇ ਦੀ ਗਰਦਨ ਨਹੀਂ ਵੱਢੀ, ........ ਨਾਲ ਖੰਡਾ ਦਿਤਾ ਰੰਗਾਈਆ ।

☐ ਪ੍ਰੇਮ ਰੱਤ ☐ ਆਪਣੇ ਖ਼ੂਨ
☐ ਲਾਲ ਰੰਗ ☐ ਬੱਕਰੇ ਦੇ ਖ਼ੂਨ

੧੧) ......... ਕਹੇ ਮੈਂ ਕੀ ਜਾਣਾ ਪੈਗ਼ੰਬਰਾਂ ਵਾਲੀ ਗੱਦੀ ਨੂੰ, ਗਦਾਗਰ ਵੇਖੀ ਲੋਕਾਈਆ । ਮੈਂ ਇਕੋ ਜਾਣਦੀ ਪੁਰਖ ਅਕਾਲ ਦੀ ਜੋਤ ਰੱਬੀ ਨੂੰ, ਜੋ ਹਰ ਘਟ ਰਿਹਾ ਸਮਾਈਆ । *ਕੌਣ ਕਹਿ ਰਿਹਾ ?*

☐ ਕਲਜੁਗ ☐ ਨਾਰਦ
☐ ਸਦੀ ਚੌਧਵੀਂ ☐ ਗੰਗਾ

੧੨) .... ਵਾਜਾਂ ਗਿਆ ਮਾਰ, ਮੇਰਾ ਪਿਤਾ ਭੱਜਾ ਆਵੇ ਵਾਹੋ ਦਾਹੀਆ ।

☐ ਨਾਨਕ ☐ ਈਸਾ
☐ ਗੋਬਿੰਦ ☐ ਮੂਸਾ

੧੩) ਮਾਲਾ ਘੜ ਕੇ ਮਣਕੇ ਫੇਰ ਕੇ ਜਿਹੜੇ ਕਰਦੇ ਪ੍ਰਭੂ ਤੇਰੇ ਅੱਗੇ ਮਿੰਨਤ, ਕੀ ਦੂਜਿਆਂ ਲੈਣ ਤਰਾਈਆ । ਗ੍ਰੰਥਾਂ ਪੜ੍ਹ ਕੇ ਮੇਟਦੇ ਚਿੰਨਤ, ਢੋਲੇ ਗੀਤ ਸਾਲਾਹੀਆ । ਮਨੂਆ ਰੁਕ ਨਾ ਸਕੇ ਕਰਨੋਂ ਇਲਤ, ਆਲਮ ਉਲਮਾ ਚਲੇ ਨਾ ਕੋਇ ਚਤੁਰਾਈਆ । ਸਾਰੇ ਤੇਰੇ ਹੋਏ ਨਿੰਦਕ, ........ ਦੀ ਕਰਨ ਵਡਿਆਈਆ ।

☐ ਆਪਣਿਆਂ ਦੀ ☐ ਗਰੰਥਾਂ ਦੀ
☐ ਆਪਣੇ ਧਰਮ ਦੀ ☐ ਧਰਮ ਅਸਥਾਨਾਂ ਦੀ

੧੪) ਸਿੱਖ ਨਾਲ ....... ਲੜੇ ਹੋਏ ਗਵਾਰ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਜਗਤ ਦੁਹਾਗਣ ਨਾਰ ਵਿਭਚਾਰ, ਜੋ ਬੈਠੀ ਕੰਤ ਭੁਲਾਈਆ । ਆਤਮ ਸੇਜਾ ਨਾ ਸਕੀ ਸ਼ਿੰਗਾਰ, ਆਪਣਾ ਘਰ ਨਾ ਆਪ ਸੁਹਾਈਆ ।

☐ ਸਿੱਖ ☐ ਬੇਮੁੱਖ
☐ ਸੰਗਤ ☐ ਸਿੰਘਣੀ

੧੫) "ਮੈ ਗਰੀਬਣੀ ਹਾਂ, ਮੈਂ ਸੇਵਾ ਵਿਚ ਆਉਣ ਵਾਸਤੇ ਤਿਆਰ ਰਹਿੰਦੀ ਹਾਂ, ਤੇ ਕਰਾਏ ਖੁਣੋਂ ਆਪ ਦੇ ਦਰਸ਼ਨ ਨਹੀਂ ਹੁੰਦੇ ।" *ਕਿਸ ਨੇ ਕਿਹਾ ?*

☐ ਲਾਇਲਪੁਰ ਦੀ ਇਕ ਮਾਈ ☐ ਇਟਾਰਸੀ ਦੀ ਇਕ ਮਾਈ
☐ ਭਲਾਈਪੁਰ ਦੀ ਇਕ ਮਾਈ ☐ ਦਿਲੀ ਦੀ ਇਕ ਮਾਈ

੧੬) ਜਗਤ ਗ੍ਰਹਿਣ ਜਗਤ ਜਗਿਆਸੂ, ਜੁਗੀਸ਼ਰ ਦਿੱਤੀ ਵਡਿਆਈਆ । ਨਾਲੇ ਪੂਜਾ ਕਰਦੇ ਨਾਲੇ ........., ਰਾਮ ਕਾਮ ਦੋਵੇਂ ਕੰਮ ਕਿਸੇ ਨਾ ਆਈਆ ।

☐ ਪੀਂਦੇ ਤਮਾਕੂ, ☐ ਅਖਵਾਉਂਦੇ ਬਾਪੂ,
☐ ਟਿਕਾਉਂਦੇ ਮਾਥੂ, ☐ ਬਣਾਉਂਦੇ ਸਾਕੂ,

੧੭) ........ ਕਹਿੰਦੇ ਸਾਡੇ ਨਾਲ ਕਰ ਕੇ ਗਿਆ ਕੌਲਾ, ਅੰਤਮ ਕਲ ਮੇਲ ਮਿਲਾਇੰਦਾ ।

☐ ਸਿਖ ☐ ਈਸਾਈ
☐ ਪੰਡਤ ☐ ਮੁੱਲਾ ਸ਼ੇਖ

੧੮) ਘੋੜਾ ਸੱਚੇ ਪਾਤਸ਼ਾਹ ਨੂੰ ਦੇ ਕੇ ਫੇਰ ਕੁਝ ਦਿਨਾਂ ਬਾਦ ਬਿਨਾਂ ਦੱਸੇ ਹੀ ਵਾਪਸ ਲੈ ਆਇਆ । ਕੌਣ ?

☐ ਇੰਦਰ ਸਿੰਘ ☐ ਤੇੜੇ ਦਾ ਗੁਜਰ ਸਿੰਘ
☐ ਤੇਜਾ ਸਿੰਘ ਦਾ ਲੜਕਾ ☐ ਚੇਤ ਸਿੰਘ

੧੯) ....... ਕਹੇ ਜੇ ਮੈਂ ਨਾ ਹੋਵਾਂ ਸੰਸਾਰੀਓ ਤੁਹਾਨੂੰ ਰਸਨਾ ਦਾ ਕਦੇ ਨਾ ਆਵੇ ਸੁਵਾਦ, ਖਾ ਖਾ ਕੇ ਸ਼ੁਕਰ ਨਾ ਕੋਇ ਮਨਾਈਆ ।

☐ ਮਨ ☐ ਰੂਹ
☐ ਜੀਹਵ ☐ ਮੂੰਹ

੨੦) ਸਚ ਸਿੰਘਾਸਣ ਪੁਰਖ ਅਬਿਨਾਸ਼ਣ ਇਕੋ ਸਜਦਾ, ...... ਦਾ ਲੇਖਾ ਦਏ ਮੁਕਾਈਆ ।

☐ ਸੱਯਦਿਆਂ ☐ ਜਨਮਾਂ
☐ ਕਰਮਾਂ ☐ ਧਰਮਾਂ

੨੧) ਅੱਜ ਸ਼ਾਦੀ ਦਾ ਕਰੇ ਵਿਹਾਰਾ, ਸ਼ਾਦਿਆਨੇ ਰਿਹਾ ਖੜਕਾਈਆ । ਸੋ ਗੁਰਮੁਖ ਵਿਆਹਿਆ ਸਮਝੋ ਜੋ ਗਿਆ .........., ਪ੍ਰਭੂ ਕੰਤ ਹੰਢਾਈਆ । ਓਹ ਸੁਹਾਗੀ ਕਾਹਦਾ, ਜੋ ਜੰਮੇ ਤੇ ਮਰ ਜਾਈਆ ।

☐ ਇਥੋਂ ਕੁਆਰਾ ☐ ਹਰੀ ਕੇ ਦੁਵਾਰਾ
☐ ਭਗਤ ਦਵਾਰਾ ☐ ਪਾਰ ਕਿਨਾਰਾ

੨੧) ਕੀ ਗੱਲ ਪਾਤਸਾਹ ਨਾਲ ਤੁਸੀ ਕੂੰਦੇ ਨਹੀਂ ? ਕਿਸ ਨੇ ਕਿਹਾ ?

☐ ਤੇਜਾ ਸਿੰਘ ਨੇ ☐ ਮਾਈ ਗੁਲਾਬੀ ਨੇ
☐ ਸੰਤਨੀ ਨੇ ☐ ਮਾਤਾ ਨੈਣੋ ਤੇ ਮਾਤਾ ਬੰਤੀ

੨੨) ਜਨ ਭਗਤੋ ਯਾਦ ਕਰ ਲਓ ਮੈਥੋਂ ਸਿਖਿਆ ਲਓ ਜੋ ਸਤਿਗੁਰ ਦਾ ਬਚਨ ਉਹਨੂੰ ਕਦੇ ਨਾ ਸਮਝਿਓ ਗੱਲ ਹੋਛੀ, ਇਕ ਨਹੀਂ ਦੋ, ਦੋ ਨਹੀਂ ਚਾਰ, ਚਾਰ ਨਹੀਂ ਅੱਠ, ਕਿਸੇ ਨਾ ਕਿਸੇ ਦਿਨ ਜ਼ਰੂਰ ਦਏ ਭੁਗਤਾਈਆ । ਭਾਵੇਂ ਬੀਤ ਜਾਣ ਬਰਸ ਕੋਟਨ ਕੋਟੀ, ਜੁਗ ਚੌਕੜੀ ਆਪਣਾ ਲੇਖਾ ਨਾ ਕਦੇ ਭੁਲਾਈਆ ।

☐ ਚਿੜੀਆ ਕਹੇ ☐ ਨਾਰਦ ਕਹੇ
☐ ਸਦੀ ਚੌਧਵੀ ਕਹੇ ☐ ੧੭ ਹਾੜ ਕਹੇ

੨੩) ਜੋ ਕਲਜੁਗ ਵਿਚ ਨਿਹਕਲੰਕ ਅਵਤਾਰ ਅਖਵਾਏ, ਤ੍ਰੇਤੇ ਵਿਚ ਕਿਸ ਅਵਤਾਰ ਦੇ ਨਾਮ ਨਾਲ ਜਾਣੇ ਗਏ ?

- ☐ ਹੰਸਾ
- ☐ ਕ੍ਰਿਸ਼ਨ
- ☐ ਮਹਾਤਮਾ ਬੁੱਧ
- ☐ ਰਾਮ

੨੪) ਬੀਬੀ ਠਾਕਰੀ ਦੀ ਧੀ ਦਾ ਨਾਂ ........ ਸੀ ।

- ☐ ਧੰਨੋ
- ☐ ਤਾਰੋ
- ☐ ਕਰਮੋ
- ☐ ਮੰਨੀ

੨੫) ਅੱਜ ਤੱਕ ਜਦੋਂ ਵੀ ਅਕਲ ਨਾਲ ਭਗਵਾਨ ਨੂੰ ਲੱਭਿਆ ਤਾਂ ਅੱਗੋਂ ਕੀ ਮਿਲਿਆ ?

- ☐ ਸ਼ਰਅ ਦਾ ਸ਼ੈਤਾਨ
- ☐ ਤੱਤਾਂ ਵਾਲੇ ਗੁਰੂ
- ☐ ਰਿਧੀਆਂ ਸਿਧੀਆਂ
- ☐ ਮਾਇਆ

੨੬) ਗੁਰਸਿਖ ਗੁਰਸਿਖ ਦੀ ਚੁਗ਼ਲੀ ਨਿੰਦਿਆ ਨਾ ਕਰਨੀ ਭੂਲ, ਸੱਚ ਸੁੱਚ ਝੋਲੀ ਪਾਇੰਦਾ । ਪ੍ਰਭ ਮਿਲਣ ਦਾ ਇਕੋ ਅਸੂਲ, ਗੁਰਸਿਖ ....... ਰੂਪ ਵਟਾਇੰਦਾ ।

- ☐ ਗੁਰ ਗੁਰ
- ☐ ਗਰੀਬੀ
- ☐ ਸੋਹਣਾ
- ☐ ਅਸਲੀਯਤ

੨੭) ਬਿਆਸ ਕਹੇ ਮੈਂ ਪਰੇਸ਼ਾਨ ਹੋ ਕੇ ਦੋਵੇਂ ਹੱਥ ਬੱਧੇ, ਨਿਉਂ ਕੇ ਵਾਸਤਾ ਪਾਈਆ । ਸਾਹਿਬ ਸਤਿਗੁਰ ਤੈਨੂੰ ਕੇਹੜੇ ਲਗਦੇ ਚੰਗੇ, ਮੈਨੂੰ ਦੇ ਸਮਝਾਈਆ । ਕੀ ਜਿਹੜੇ ਨਹੌਂਦੇ ਗੋਦਾਵਰੀ ਗੰਗੇ, ਸੁਰਸਤੀ ਜਮਨਾ ਤਾਰੀਆਂ ਲਾਈਆ । ਗੋਬਿੰਦ ਕਿਹਾ ਬਿਨ ਮੇਰੇ ..... ਸਾਰੇ ਗੰਦੇ, ਨਹਾਵਣ ਧੋਵਣ ਕੰਮ ਕਿਸੇ ਨਾ ਆਈਆ ।

- ☐ ਨਾਮ
- ☐ ਅੰਮ੍ਰਿਤ
- ☐ ਪਿਆਰ
- ☐ ਸਿਖਾਂ

੨੮) ਪਹਿਲੀ ਚੇਤ ਕਹੇ ਮੈਂ ਸੰਮਤ ....... ਚੜ੍ਹਿਆ, ਚੜ੍ਹਦਾ ਲਹਿੰਦਾ ਦੇਣਾ ਹਿਲਾਈਆ । ਧੁਰ ਦਾ ਹੁਕਮ ਅਗੰਮੀ ਪੜ੍ਹਿਆ, ਪੜਦਿਆਂ ਅੰਦਰ ਦਿਤਾ ਜਣਾਈਆ । ਜਿਹੜਾ ਕਦੀ ਕਿਸੇ ਨਾਲ ਨਹੀਂ ਕੋਈ ਲੜਿਆ, ਕਲਜੁਗ ਧਾਰ ਵਿਚ ਉਹ ਵੀ ਦੇਣਾ ਲੜਾਈਆ । ਜਿਹੜਾ ਹੰਕਾਰ ਵਿਚ ਕਦੇ ਨਹੀਂ ਮਰਿਆ, ਉਹ ਵੀ ਮਾਰ ਕੇ ਦੇਣਾ ਵਖਾਈਆ ।

- ☐ ਪਹਿਲਾ
- ☐ ਪੰਜਵਾਂ
- ☐ ਸੱਤਵਾਂ
- ☐ ਛੱਤੀਵਾਂ

੨੯) ਭਾਵੇਂ ਸਿੱਖਾਂ ਦੇ ਘਰ ਸਿੱਖਾਂ ਦਾ ਹੁੰਦਾ ਜਰਮ, ਬਿਨਾ ......... ਤੋਂ ਸਿੱਖ ਨਾ ਕੋਇ ਅਖਵਾਈਆ । ਏਹੋ ਸ੍ਰਿਸ਼ਟੀ ਦੀ ਦ੍ਰਿਸ਼ਟੀ ਵਿਚ ਭਰਮ, ਜੋ ਬਿਨਾ ਗੋਬਿੰਦ ਦੇ ਪੜਦਾ ਨਾ ਸਕੇ ਉਠਾਈਆ ।

- ☐ ਨਾਮ ਮਿਲਣ
- ☐ ਗੋਬਿੰਦ ਮਿਲਣ
- ☐ ਅੰਮਿਤ ਛਕਣ
- ☐ ਨਾਮ ਜਪਣ

੩੦) "ਵਿਚੋਂ ਮਾਰੇ ਤੀਨੋ ਤਾਪ" . . . . . ਕਿਹੜੇ ਕਿਹੜੇ ਤਿੰਨ ਤਾਪ ?

☐ ਮਲੇਰੀਆ, ਟਈਫਾਈਡ, ਡੇਂਗੂ ਆਦਿ ☐ ਰਜੋ ਤਮੋ ਸਤੋ

☐ ਅਧਿਆਤਮਕ, ਆਧਿਭੌਤਿਕ, ਆਧਿਦੈਵਿਕ ☐ ਮਾਤ ਪਾਤਾਲ ਅਕਾਸ਼

੩੧ . . . . . . . ਕਹੇ ਗੁਰ ਅਵਤਾਰ ਪੈਗ਼ੰਬਰ ਪ੍ਰਭ ਦੀ ਮਰਦਮਸ਼ੁਮਾਰੀ ਵਿਚ ਖੁਸਰਾ, ਵਲਦ ਵਾਲਦਾ ਰੂਪ ਨਾ ਕੋਇ ਬਣਾਈਆ । (੬ ਮੱਘਰ ਸ ਸ ੪)

☐ ਕਲਜੁਗ ☐ ਨਾਰਦ

☐ ਸਦੀ ਚੌਧਵੀਂ ☐ ਗੰਗਾ

੩੨) ਸਾਚਾ ਨਾਮ "ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ" ਕੌਣ ਦੇ ਸਕਦਾ ਹੈ ?

☐ ਹਰਿ ਸੰਗਤ ☐ ਲਿਖਾਰੀ

☐ ਹਰਿ ਭਗਤ, ਗੁਰਸਿਖ ☐ ਪਰਮਾਤਮਾ

੩੩) ਗੁਰਮੁਖੋ ਮੈਂ ਤੇ ਵਸਾਂ ਤੁਹਾਡੇ ਵਿਚ ਹਮੇਸ਼, ਕਿਉਂ ਸਤਿਗੁਰ ਤੋਂ . . . . . . . . ਰਹੇ ਕਮਾਈਆ ।

☐ ਚੋਰੀ ☐ ਧ੍ਰੋਹ

☐ ਵਾਹਵਾ ☐ ਬੇਮੁਖਤਾ

੩੪) ਭਗਤ ਕਹੇ . . . . . . . . ਦੁਨੀਆ ਪੂਜੇ ਜੰਡ ਕਰੀਰ, ਪੱਥਰਾਂ ਸੀਸ ਨਿਵਾਈਆ । ਮਕਬਰਿਆਂ ਨੂੰ ਮੰਨ ਕੇ ਪੀਰ, ਨਿਆਜ਼ਾਂ ਰਹੇ ਚੜ੍ਹਾਈਆ । ਅੱਖਰਾਂ ਦੀ ਬਣਾ ਕੇ ਬੀੜ, ਓਸੇ ਨੂੰ ਸੀਸ ਝੁਕਾਈਆ । ਮੰਜ਼ਲ ਚੜ੍ਹਿਆ ਨਾ ਕੋਇ ਅਖ਼ੀਰ, ਮਜ਼੍ਹਬਾਂ ਵੰਡ ਵੰਡਾਈਆ ।

☐ ਰਵੀਦਾਸ ☐ ਫਰੀਦ

☐ ਪਰਿਲਾਦ ☐ ਕਬੀਰ

੩੫) ਤੁਸੀਂ ਗਿਆਰਾਂ ਵਾਰ ਆਂਡਿਆਂ ਵਿਚ ਬਣੇ ਬੱਚੇ, ਘੋਗੜ ਪਿਛਲੇ ਦਿਆਂ ਸਮਝਾਈਆ । ਤਿੰਨ ਵਾਰ ਮੇਰਾ ਬਾਜ਼ ਤੁਹਾਨੂੰ ਸੱਟੇ, ਛੱਤੀ ਦਿਨ ਤੋਂ ਵੱਧ ਉਮਰ ਨਾ ਕਿਸੇ ਭੁਗਤਾਈਆ । *ਕੀ ਗਲਤੀ ਕੀਤੀ ?*

☐ ਲੰਗਰ ਚੋਂ ਚੋਰੀ ਦੁੱਧ ਪੀਂਦੇ ਰਹੇ ☐ ਚੋਰੀ ਪ੍ਰਸ਼ਾਦ ਖਾਂਦੇ ਰਹੇ

☐ ਲੰਗਰ ਦੇ ਵਰਤਨ ਚੋਰੀ ਕੀਤੇ ☐ ਗੁਰਮੁਖਾਂ ਦੇ ਕੱਛੇ ਚੋਰੀ ਕਰ ਕੇ ਭੱਜੇ

੩੬) ਰਾਵੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਨਾਲ ਜਿਹੜੀ ਨੌ ਦਿਨ ਦੀ ਮੱਛੀ ਛੋਹੀ, ਸ੍ਰੀ ਕ੍ਰਿਸ਼ਨ ਵੇਲੇ ਉਸ ਦਾ ਜਨਮ ਕੀ ਸੀ ?

☐ ਇਕ ਸਖੀ ☐ ਸੁਦਾਮਾ

☐ ਦ੍ਰੋਪਤੀ ☐ ਮੈਂਡਕ

੩੭) ਹੁਣ ਅਸੀਂ ਦੋ ਜਹਾਨਾਂ ਫਿਰੀਏ ਉਡਦੇ, ਸ਼ਾਹ ਸੁਲਤਾਨਾਂ ਦੇਈਏ ਜਗਾਈਆ । ਜਨ ਭਗਤੋ ਤੁਸੀਂ ਕਿਉਂ ਨਹੀਂ ਕੱਠੇ ਹੋ ਕੇ ਤੁਰਦੇ, ਵੇਖੋ ਤੁਹਾਡੇ ਸਾਮ੍ਹਣੇ ਅਸੀਂ ਖਲੋ ਕੇ ਦਈਏ ਗਵਾਹੀਆ । *ਕਿਸ ਨੇ ਕਿਹਾ ?*

☐ ਦੇਵੀ ਦੇਵਤੇ ☐ ਗੁਰ ਅਵਤਾਰ ਪੀਰ ਪੈਗੰਬਰ
☐ ਸੱਤ ਰੰਗ ☐ ਚੰਦ ਸਤਾਰ

੩੮) ਧੰਨੋ ਨੇ ਸੱਚੇ ਪਾਤਸ਼ਾਹ ਅੱਗੇ ਕੀ ਬੇਨੰਤੀ ਕੀਤੀ ?

☐ ਸਾਨੂੰ ਦੋਨਾਂ ਨੂੰ ਇਕੋ ਜਹੀਆਂ ਕਰ ਦਿਓ ☐ ਪੁੱਤਰ ਹੋਵੇ ਜੋ ਭਗਤ ਹੋਵੇ
☐ ਗੋਡੇ ਠੀਕ ਕਰ ਦਿਓ ☐ ਪੁੱਤਰ ਹੋਵੇ ਭਾਵੇ ਨਲੈਕ ਹੀ ਹੋਵੇ

੩੯) ਜਨ ਭਗਤੋ ਵੇਖੋ ........ ਖੇਲ ਜਿਸ ਦੇ ਤੁਸੀਂ ਪੈ ਗਏ ਵਸ, ਜੁਗ ਜੁਗ ਦਾ ਲੇਖਾ ਨਾ ਕਦੇ ਭੁਲਾਈਆ । ਕਿਤੇ ਇਹ ਨਾ ਸਮਝਿਓ ਇਸ ਤੋਂ ਓਹਲੇ ਜੋ ਮਰਜ਼ੀ ਕਰੀਏ ਸਾਡੇ ਤੇ ਕਿਹੜਾ ਪੈਣਾ ਸ਼ੱਕ, ਸਹਿੰਸਾ ਨਾ ਕੋਇ ਵਧਾਈਆ ।

☐ ਪ੍ਰਭੂ ਦਾ ☐ ਮਦਾਰੀ ਦਾ
☐ ਕਲਜੁਗ ਦਾ ☐ ਸੰਸਾਰ ਦਾ

੪੦) ਮੈਂ ਕਲਪਣਾ ਦਾ ਸ਼ੈਤਾਨ, ਸ਼ਰਅ ਵਿਚ ਲੜਾਈਆ । ਮੈਂ ਕਾਮ ਕਰੋਧ ਲੋਭ ਮੋਹ ਹੰਕਾਰ ਯੁੱਧ ਕਰਾਵਾਂ ਘਮਸਾਨ, ਬਿਨਾਂ ਖੰਡੇ ਖੜਗ ਖੜਕਾਈਆ । ਮੈਂ ਸਤਿ ਧਰਮੀਆਂ ਬਣਾਵਾਂ ਬੇਈਮਾਨ, ਇਹ ਮੇਰੀ ਬੇਪ੍ਰਵਾਹੀਆ ।

☐ ਮਾਇਆ ☐ ਅਕਲ
☐ ਮਮਤਾ ☐ ਮਨ

੪੧) ਗੁਰੂਆਂ ਅਵਤਾਰਾਂ ਪੈਗ਼ੰਬਰਾਂ ਦੀ ਜਗਹ ਘਰ ਘਰ ਆਪਣੇ ਬੱਚਿਆਂ ਦੀ ਮਨਾਉਣ ਡਹਿ ਪੈਣ ਬਰਸੀ, ਸਾਧ ਸੰਤ ਉਨ੍ਹਾਂ ਦੇ ਘਰ ਜਾ ਜਾ ਕੇ ਪਕਵਾਨ ਲੈਣ ਖਾਈਆ । ਏਦੂ ਵੱਡੀ ਹੋਰ ਕੀ ਹੋਣੀ ......., ਗੁਰੂਆਂ ਦੀ ਜਗਹ ਮਲ ਮੂਤਰ ਵਾਲੇ ਬੱਚੇ ਘਰ ਵਿਚ ਆਪਣੇ ਗੁਰੂ ਲੈਣ ਬਣਾਈਆ ।

☐ ਜਲਦੀ ☐ ਗਰਕੀ
☐ ਕਲ ਦੀ ☐ ਗਲਤੀ

੪੨) ਗੋਬਿੰਦ ਕਿਹਾ, ........ ਮੇਰਾ ਪੁਰਖ ਅਕਾਲ ਮੇਰੇ ਸਾਥ, ਜਿਹੜਾ ਦੋਹਾਂ ਦੀ ਚਰਨੀ ਡਿੱਗਾ ਆ, ਓਨ੍ਹਾਂ ਦੇ ਬਖ਼ਸ਼ੇ ਸਰਬ ਗੁਨਾਹ, ਬਣ ਕੇ ਪਿਤਾ ਮਾਂ, ਕਲਜੁਗ ਕੂੜ ਕੁੜਿਆਰ ਵਿਚੋਂ ਬਾਹਰ ਕਢਾਈਆ । *ਗੋਬਿੰਦ ਨੇ ਕਿਸ ਨੂੰ ਕਿਹਾ ?*

☐ ਬਿਆਸ ਨੂੰ ☐ ਭਾਈ ਨੰਦ ਲਾਲ ਨੂੰ
☐ ਕਲਜੁਗ ਨੂੰ ☐ ਗੁਰਸਿਖਾਂ ਨੂੰ

੪੩) ਤੁਹਾਨੂੰ ਤੇ ਅੱਜ ਚਾਅ ਨਾਲ ਲਾਡ ਨਾਲ ਕਹੀ ਜਾਂਦਾ ਆਓ ਮੇਰੇ ਡੱਡੇ, ਬੱਚਿਓ ਗੋਦੀ ਵਿਚ ਟਿਕਾਈਆ । ਜਿਸ ਵੇਲੇ ਫੇਰ ........., ਲੇਖਾ ਵੇਖ ਵਖਾਈਆ । ਪਤਾ ਨਹੀਂ ਵਿਚੋਂ ਸਾਰੇ ਰਹਿਣ ਕਿ ਅੱਧੇ, ਕਿ ਦੁਗਣੇ ਲਏ ਬਣਾਈਆ ।

- ☐ ਹਿਸਾਬ ਕੱਢੇ ☐ ਕਿਤਾਬ ਕੱਢੇ
- ☐ ਮਾਰੇ ਦੱਬੇ ☐ ਸਤਿਜੁਗ ਲੱਗੇ

੪੪) ਮਹੰਮਦ, ਈਸਾ, ਮੂਸਾ, ਕ੍ਰਿਸ਼ਨ, ਰਾਮ, ਨਾਨਕ, ਗੋਬਿੰਦ ਆਦਿ ਨੂੰ ਧਿਆਉਣ ਵਾਲੇ :

- ☐ ਮੁਕਤੀ ਪ੍ਰਾਪਤ ਕਰਨਗੇ ☐ ਸਜਾ ਮਿਲੇਗੀ
- ☐ ਰਾਜੇ ਰਾਣੇ ਬਣਨਗੇ ☐ ਸਚਖੰਡ ਜਾਣਗੇ

੪੫) ਪ੍ਰਭੂ ਨੂੰ ....... ਆਖਿਆਂ ਕਿਸੇ ਦਾ ਵੱਢਿਆ ਨਹੀਂ ਜਾਂਦਾ ਨੱਕ, ਜਗਤ ਲੋਕਲਾਜ ਨਾ ਕੋਇ ਰਖਾਈਆ ।

- ☐ ਸਤਿਗੁਰੂ ☐ ਬਾਪੂ
- ☐ ਪ੍ਰਭੂ ☐ ਕੰਤ

੪੬) ਗੋਬਿੰਦ ਕਿਹਾ ਦੀਨ ਦੁਨੀ ਦੇ ਨਾਤੇ ਸਰਬ ਤਜੌਣ, ਛੁੱਟੇ ਕੂੜ ਲੋਕਾਈਆ । ਇਕੋ ਪੁਰਖ ਅਕਾਲ ਮਨੌਣ, ਜਿਸ ਨੇ ਸਾਰੇ ਇਸ਼ਟ ਦਿੱਤੇ ਪਰਗਟਾਈਆ । ਓਸੇ ਦੀ ਮਹਿੰਮਾ ਕਰ ਕੇ ਸਾਰੇ ਝੱਟ ਲੰਘੌਣ, ....... ਕੌਣ ?

- ☐ ਨਿਹਕਲੰਕ ਦੇ ਭਗਤ ☐ ਰੂਸ ਵਾਲੇ
- ☐ ਮੱਕੇ ਦੇ ਹਾਜੀ ☐ ਅੰਗਰੇਜ

੪੭) ਸਚ ਸਚ ਸਭ ਤੋਂ ਉਤਮ ਉਹ ਗੁਰਮੁਖ ਸੱਚਾ ਸੁਤ, ਜੋ ........ ਉਤੇ ਓਟ ਰਖਾਈਆ ।

- ☐ ਬਾਣੀ ☐ ਸੰਗਤ
- ☐ ਸਿੰਘਾਸਣ ☐ ਭਗਵਨ

੪੮) ਆਪਣਾ ਸੀਸ ਰੱਖਣਾ ਤਲੀ, ....... ਜਗਤ ਗਵਾਈਆ ।

- ☐ ਮਾਇਆ ☐ ਲੋਕਲਾਜ
- ☐ ਜੀਵਨ ☐ ਪ੍ਰਵਾਰ

੪੯) ........ ਵਲ ਨਾ ਤੱਕੀ ਸ੍ਰਿਸ਼ਟੀ ਸਾਰੀ ਦੋਸ਼ੀ, ਬਿਨ ਤੇਰੇ ਨਿਰਦੋਸ਼ ਨਜ਼ਰ ਕੋਇ ਨਾ ਆਈਆ ।

- ☐ ਕਰਮਾਂ ☐ ਤੱਤਾਂ
- ☐ ਜਨਮਾਂ ☐ ਸਾਡੇ

੫੦) ਆਤਮਾ ਨਿਰਗੁਣ ਅਗੰਮੀ ਨੂਰ, ........ ਨਜ਼ਰ ਕੋਇ ਨਾ ਆਈਆ । ਤੱਤਾਂ ਨਾਲ ਖੇਲਣਾ ਜਿਸ ਦਾ ਦਸਤੂਰ, ਕੁਦਰਤ ਦੇ ਕਾਦਰ ਦਿਤਾ ਬਣਾਈਆ ।

- ☐ ਮਮਤਾ ☐ ਤੱਤ ☐ ਮਾਇਆ ☐ ਮੈਟੀਰੀਅਲ

੫੧) ਜਦੋਂ ਸੱਚੇ ਪਾਤਸ਼ਾਹ ਨੇ ਮਕਾਨ ਹਦੇੜ ਕੇ ਸਮਾਨ ਖੇਤਾਂ ਵਿਚ ਲੈ ਜਾਣ ਦੀ ਸੇਵਾ ਲਾਈ ਤਾਂ ਇਕ ਸਿਖ ਜਿਸ ਨੇ ਆਖਿਆ ਮੇਰਾ ਵੇਹਲ ਨਹੀਂ ਤੇ ਬਾਦ ਵਿਚ ਲੜਾਈ ਕਾਰਨ ਹਸਪਤਾਲ ਰਿਹਾ ।

☐ ਹਰਨਾਮ ਸਿੰਘ ☐ ਤੇਜਾ ਸਿੰਘ
☐ ਬੁਧ ਸਿੰਘ ☐ ਜਿਊਣ ਸਿੰਘ

੫੨) ਤੇਰਾ ਬੰਸ ਸਰਬੰਸ ਦਿਆਂ ਤਰਾ, ਅੰਸ ਆਪਣੀ ਆਪ ਬਣਾਈਆ । ‥ ਜਿਸ ਨੇ ਤੇਰਾ ਜੀਂਦਿਆਂ ਦਰਸ਼ਨ ਲਿਆ ਪਾ, ਤਿਸ ਦਾ ਅੰਤ ਆਪਣੇ ਹੱਥ ਰਖਾਈਆ । ਇਕ ਨਹੀਂ ਤਾਰਨੀ ਤੇਰੀ ਮਾਂ, ਵੱਡੇ ਛੋਟੇ ਪਾਰ ਲੰਘਾਈਆ ।

☐ ਗੋਬਿੰਦ ਨੇ ਬਹਾਦਰਸ਼ਾਹ ਨੂੰ ☐ ਰਾਮ ਨੇ ਬਟਵਾਰੇ ਨੂੰ
☐ ਮਨੀ ਸਿੰਘ ਨੇ ਸੰਗਰੂਰ ਦੇ ਰਾਜੇ ਨੂੰ ☐ ਕ੍ਰਿਸ਼ਨ ਨੇ ਕੰਸ ਨੂੰ

੫੩) ‥‥ ਕਹੇ ਜੇ ਮੈਂ ਨਾ ਹੋਵਾਂ ਜਗਤ ਵਿਚ ਕੰਮ ਕਾਜ ਕਰਨ ਦੀ ਪ੍ਰਗਟ ਹੋਵੇ ਨਾ ਕਿਸੇ ਅੰਤਰ ਜੁਵਾਨੀ, ਜੋਵਨਵੰਤਾ ਆਪਣਾ ਜੋਵਨ ਸਕੇ ਨਾ ਕੋਇ ਹੰਢਾਈਆ ।

☐ ਮਮਤਾ ☐ ਮਾਇਆ
☐ ਲੋਭ ☐ ਮਨ

੫੪) ਓਹ ਸੰਤ ਨਹੀਂ ਉਹ ਭਗਤ ਨਹੀਂ ਉਹ ਅਵਤਾਰ ਨਹੀਂ ਉਹ ਗੁਰ ਨਹੀਂ ਉਹ ਪੈਗ਼ੰਬਰ ਨਹੀਂ ਜਿਹੜੇ ‥‥‥‥‥ ਪ੍ਰਭ ਦਾ ਨਾਮ ਜਪਣ, ਨਿਊਂ ਨਿਊਂ ਸੀਸ ਨਿਵਾਈਆ ।

☐ ਸਵੇਰੇ ਉਠ ਕੇ ☐ ਮਿੰਨਤਾਂ ਕਰ ਕੇ
☐ ਸਵਾਸ ਸਵਾਸ ☐ ਰੋ ਰੋ ਕੇ

੫੫) ਤੂੰ ਜੀਵਦਿਆਂ ਨੂੰ ਜਾਵੇਂ ਮਾਰੀ, ਕੀ ਤੇਰੀ ਦਨਾਈਆ । ਪਰਮਾਤਮਾ ਨੂੰ ਜਾਵੇਂ ਵਿਸਾਰੀ, ਤੇ ਰੇ ਹੱਥ ਕਿਛ ਨਾ ਆਈਆ । ਨੀ ਨਾ ਤੂੰ ਮਰਦ ਨਾ ਤੂੰ ਨਾਰੀ, ਆਪਣਾ ਰੂਪ ਦੇ ਦ੍ਰਿੜਾਈਆ । ਨਾ ਤੂੰ ਵਿਆਹੀ ਨਾ ਕੁਆਰੀ, ਲਾੜੀ ਬਣ ਕੇ ਖੁਸ਼ੀ ਨਾ ਕੋਇ ਬਣਾਈਆ । ਤੂੰ ਜੁਗ ਜੁਗ ਘਰਾਨੇ ਗਈ ਉਜਾੜੀ, ਸੁੱਤਿਆਂ ਦੇ ਸੀਸ ਦਿੱਤੇ ਕਟਾਈਆ । *ਕੌਣ ?*

☐ ਲਾੜੀ ਮੌਤ ☐ ਨੀਂਦ
☐ ਕੂੜੀ ਕਿਰਿਆ ☐ ਮਾਇਆ

੫੬) ਗੁਰਸਿੱਖ ਸੋ ਜਿਸ ‥‥‥‥ ਵਿਚਾਰਿਆ ।

☐ ਪ੍ਰਭ ☐ ਧਰਮ
☐ ਕਰਮ ☐ ਮਾਨਸ ਜਨਮ

੫੭) ਕੀ ਕਰੇਗਾ ਪੂਜਾ ਪਾਠ, ਕੀ ਕਰੇਗਾ ਤੀਰਥ ਤਾਟ, ਕੀ ਕਰੇਗਾ ਪੁਸਤਕ ਕਤਾਬ, ਕੀ ਕਰੇਗਾ ਵਜਾਇਆ ਰਬਾਬ, ਕੀ ਕਰੇਗਾ ਗਾਇਆ ਗਾਥ, ਜਿੰਨਾਂ ਚਿਰ ‥‥‥‥‥ ਨਾ ਸਾਥ ਰਖਾਈਆ ।

☐ ਤ੍ਰੈਗੁਣ ਮਾਈਆ ☐ ਸਤਿਗੁਰ ਸ਼ਬਦ
☐ ਹਰਿ ਸੰਗਤ ☐ ਜੀਵਨ ਸਾਥੀ

੫੮) ਨਿਹਕਲੰਕ ਨਿਹਕਲੰਕ ਨਿਹਕਲੰਕ, ......... ਹਰਿ ਅਕਾਲ ਹੈ ।

☐ ਨਿਹਕਲੰਕ ☐ ਮਸਤਾਨੇ

☐ ਅਵਤਾਰ ☐ ਜੋਤੀ

੫੯) ਸੰਤ ਮਨੀ ਸਿੰਘ ਦਾ ਅੰਤਮ ਸਸਕਾਰ ਕਿਸ ਦੀ ਪੈਲੀ (ਖੇਤਾਂ) ਵਿਚ ਕੀਤਾ ਗਿਆ ?

☐ ਬੁੱਧ ਸਿੰਘ ☐ ਪਾਲ ਸਿੰਘ

☐ ਹਰਨਾਮ ਸਿੰਘ ☐ ਮਾਈ ਜਿਊਣੀ

੬੦) ਬਿਆਸ ਕਹੇ ਮੇਰੇ ਅੰਦਰ ਰੁੜ੍ਹਦੇ ਆਏ ਕੱਖ, ਘੌਂਸਲਾ ਬਣਿਆ ਨਜ਼ਰੀ ਆਈਆ । ਜਿਸ ਦੇ ਵਿਚ ਇਕ ਬੱਚ, ਤਿੰਨ ਦਿਨ ਦੀ ਉਮਰ ਵਖਾਈਆ । ਉਸ ਦੇ ਕੋਲ ਖਾਣ ਨੂੰ ਕੱਚ, ਦੂਜੀ ਵਸਤ ਨਾ ਕੋਇ ਟਿਕਾਈਆ । *ਕੌਣ ਸੀ ?*

☐ ਬਾਲੀ ☐ ਸਗਰੀਵ

☐ ਗੰਗੂ ☐ ਤਲਵੰਡੀ ਦਾ ਜੱਟ

੬੧) ਠੀਕ ਪੰਗਤੀ ਤੇ ਨਿਸ਼ਾਨ ਲਗਾਓ ।

☐ ਓਮ ਰੂਪ ਸੋਹੰ ਦਾ ਮੂਲ ☐ ਓਅੰ ਸੋਹੰ ਓਮ ਦਾ ਮੂਲ

☐ ਸੋਹੰ ਰੂਪ ਓਮ ਦਾ ਮੂਲ ☐ ਤਿੰਨੇ ਗਲਤ ਹਨ

੬੨) ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਿਲ ਪਾਥਰ ਪਾਣੀ ਮਿਟੀ ਕਲਮ ਸ਼ਾਹੀ ਟੇਕਦੇ ਰਹੇ ਮੱਥੇ, ਮਸਤਕ ......... ਨਾ ਕੋਇ ਨਿਵਾਈਆ ।

☐ ਹਰਿ ☐ ਪਲੰਘ

☐ ਗਰੰਥ ☐ ਭਗਤ ਦੁਆਰ

੬੩) ਧਰਮ ਰਾਜ ਦੇ ਅੱਗੇ ਢਹਿ ਢਹਿ ਹੋਣੇ ਢੇਰੇ, ਡੋਰੀ ਅਵਰ ਨਾ ਕੋਇ ਲਗਾਈਆ । ਜੇ ਪੁਛੇ ਕੋਈ ਕਿਹੜੇ ਕਿਹੜੇ, ਜੋ ਬਿਨਾ ......... ਇਸ਼ਟ ਰਹੇ ਮਨਾਈਆ ।

☐ ਨਾਨਕ ਗੋਬਿੰਦ ਦੇ ☐ ਪੁਰਖ ਅਕਾਲ ਦੇ

☐ ਈਸਾ ਮੂਸਾ ਮਹੰਮਦ ਦੇ ☐ ਰਾਮ ਕ੍ਰਿਸ਼ਨ ਦੇ

੬੪) ਕੱਤਕ ਕਹੇ ਸਦੀ ਚੌਧਵੀਂ ਦੇ .......... ਨਾਲੋਂ ਚੰਗੇ ਢੋਰ, ਜੋ ਖਾ ਪੀ ਕੇ ਪ੍ਰਭ ਦਾ ਸ਼ੁਕਰ ਮਨਾਈਆ ।

☐ ਗੁਰਮੁੱਖਾਂ ☐ ਮਨੁੱਸ਼ਾ ☐ ਬੇਮੁੱਖਾਂ ☐ ਜਾਨਵਰਾਂ

੬੫) ਕਰਤਾਰ ਸਿੰਘ (ਸੱਚੇ ਪਾਤਸ਼ਾਹ ਦੇ ਸਹਿਬਜਾਦੇ) ਨੂੰ ਕੁਝ ਲੋਕ ਦੂਸਰੇ ਕਿਸ ਨਾਂ ਨਾਲ ਬੁਲਾਂਦੇ ਹਨ ?

☐ ਭਗਵਾਨ ਸਿੰਘ ☐ ਊਧਮ ਸਿੰਘ

☐ ਸ਼ਾਮ ਸਿੰਘ ☐ ਸੂਰਤ ਸਿੰਘ

੬੬) ਹਰਿ ਕੇ ਨਾਮ ਪਿਛੇ ਭਾਵੇਂ ਹੋ ਜਾਓ ………, ਬਦੀ ਨੇਕੀ ਰੂਪ ਦਏ ਬਦਲਾਈਆ ।

☐ ਗੁਲਾਮ ☐ ਬਦਨਾਮ
☐ ਕੁਰਬਾਨ ☐ ਗੁੰਮਨਾਮ

੬੭) ਜਿਸ ਵੇਲੇ ……… ਡੁੱਬਣ ਲੱਗਾ ਸੀ ਵਿਚ ਗੰਗਾ, ਓਸ ਵੇਲੇ ਓਹੋ ਰਾਗ ਅਲਾਈਆ ।

☐ ਕਬੀਰ ☐ ਬ੍ਰਾਹਮਣ (ਠੱਗ)
☐ ਰਵਿਦਾਸ ☐ ਨਾਮਾ

੬੮) ਖਿਮਾਂ ਗ਼ਰੀਬੀ ਚਾਕਰੀ ਜਗਤ ਜੁਗ ਬਿਨ …………… ਹੱਥ ਨਾ ਕਿਸੇ ਫੜਾਈਆ ।

☐ ਗੁਰ ਅਵਤਾਰ ਪੈਗੰਬਰਾਂ ☐ ਬੇਮੁੱਖਾਂ
☐ ਦੇਵੀ ਦੇਵਤਿਆਂ ☐ ਭਗਤਾਂ

੬੯) "ਓਹ ਪੈਗੰਬਰ ਕਾਹਦਾ ਓਹ ਪੀਰ ਕਾਹਦਾ ਓਹ ਪਿਓ ਕਾਹਦਾ ਓਹ ਪੁੱਤ ਕਾਹਦਾ ਜਿਸ ਦਾ ……… ਨਾ ਵਧੇ ਅੱਗਾ, ਸੱਚ ਵਿਚ ਸੁਚ ਨਾ ਕੋਇ ਸਮਾਈਆ ।"

☐ ਪ੍ਰਵਾਰ ਦਾ ☐ ਦੀ ਜਮਾਤ ਦਾ
☐ ਧਰਮ ਦਾ ☐ ਕੌਮ ਦਾ

੭੦) ਧੰਦਿਆਂ ਵਿਚ ਗਾਓ ਜਸ, ਬੰਦਿਆਂ ਵਿਚੋਂ ਬੰਦਗੀ ਇਕੋ ਭਾਈਆ । ਗੰਦਿਆਂ ਵਿਚੋਂ ਪਿਛੇ ਜਾਓ ਹਟ, ਪੱਲੂ ਆਪਣਾ ਆਪ ਛੁਡਾਈਆ । ……… ਕਰ ਕੇ ਜਾਓ ਢੱਠ, ਢੱਠਿਆਂ ਲੱਜਿਆ ਕੋਇ ਨਾ ਆਈਆ ।

☐ ਮਤ ਨੀਵੀਂ ☐ ਸਿਰ ਨੀਵਾਂ
☐ ਸਿਰ ਨੰਗਾ ☐ ਮਨ ਨੀਵਾਂ

੭੨) ਤੇਰੇ ਭਗਤਾਂ ਦੀ ਜਗਤ ਨਾਲ ਲੱਗੀ ਸ਼ਰਤ, ਸੰਸੇ ਵਿਚ ਲੋਕਾਈਆ । ……… ਕੋਈ ਨਾ ਹੋਇਆ ਗ਼ਰਕ, ਤਾਅਨੇ ਦੇ ਸੁਣਾਈਆ । (੨ ਹਾੜ ੨੦੨੧ ਬਿ)

☐ ਸਦੀ ਚੌਧਵੀ ☐ ਪੰਦਰਾਂ ਕੱਤਕ
☐ ਸਤਾਰਾਂ ਹਾੜ ☐ ੧੯੮੪

੭੩) ਗੁਰਸਿਖ ……… ਕਾ ਰੂਪ ਹੈ, ਜੇ ਭਾਣੇ ਚਲੇ ।

☐ ਗੋਬਿੰਦ ☐ ਹੰਸ
☐ ਪ੍ਰਭ ☐ ਸੋਹੰ

੭੪) ਪ੍ਰਭੂ ਮਿਲਣ ਦਾ ਨਹੀਂ ਵੇਹਲ, ਤਿਸ ਦਾ ……… ਕੰਮ ਕਿਸੇ ਨਾ ਆਇਆ ।

☐ ਜਨਮ ☐ ਕਰਮ
☐ ਕਰਮ ☐ ਧੰਦਾ

੭੫) ……… ਸੋ ਪਰਵਾਨ, ਜਿਨ੍ਹਾਂ ਸਿਖਿਆ ਸਤਿਗੁਰ ਭਾਈਆ ।

☐ ਭਗਤ ☐ ਗੁਰਸਿੱਖ ☐ ਸਿਖੀ ☐ ਬੇਮੁੱਖ

੭੭) ....... ਸਾਚਾ ਗਹਿਣਾ, ਜਗਤ ਸ਼ਿੰਗਾਰ ਨਾ ਕੋਇ ਵਡਿਆਈਆ ।

- ☐ ਚਿੱਟੇ ਬਸਤਰ ☐ ਗੁਰ ਚਰਨ ਪ੍ਰੀਤੀ
- ☐ ਜਗਤ ਜਵਾਨੀ ☐ ਹਰਿ ਸੰਗਤ

੭੮) ਜੇ ਕੋਈ .......... ਬਣ ਜਾਏ ਗੋਬਿੰਦ ਦੇ ਸੱਚੇ ਸਿੱਖ ਦਾ, ਗੋਬਿੰਦ ਓਸੇ ਵਿਚ ਸਮਾਈਆ । ਕਿਉਂ ਗੋਬਿੰਦ ਗੁਰਮੁਖ ਪ੍ਰੇਮ ਵਿਚ ਵਿਕਦਾ, ਜਗਤ ਵਣਜਾਰਿਆਂ ਹੱਥ ਕਿਸੇ ਨਾ ਆਈਆ ।

- ☐ ਗੁਰੂ ☐ ਚੇਲਾ
- ☐ ਰਿਸਤੇਦਾਰ ☐ ਰੂਪ

੭੯) ........ ਮਿਲਿਆਂ ਪੰਜ ਤੱਤ ਕਾਇਆ ਮਾਟੀ ਪੁਤਲਾ ਫੇਰ ਬਣਦਾ ਸਿੱਖ, ਸ਼ਿਸ਼ ਆਪਣਾ ਰੂਪ ਵਟਾਈਆ ।

- ☐ ਨਾਮ ☐ ਮਾਨਸ ਜਨਮ
- ☐ ਸਤਿਗੁਰ ☐ ਅੰਮ੍ਰਿਤ

੮੦) ਸਾਰੀ ਦੁਨੀਆਂ ਨਾਲੋਂ ਮੈਨੂੰ ਥੋੜੀ ਸਿਖੀ ਚੰਗੀ, ਜੋ ........ ਵਿਚ ਰਖਾਈਆ ।

- ☐ ਸਚਖੰਡ ☐ ਸਿਖਿਆ
- ☐ ਚਰਨਾ ☐ ਸੰਗਤ

੮੧) ਲੋਗੋ ਰਾਮ ਪਛਾਣੋ, ....... ਕੂਕੇ ਦਏ ਦੁਹਾਈਆ । ਆਪਣੇ ਅੰਦਰ ਆਪਣਾ ਰਾਮ ਜਾਣੋ, ਬਾਹਰ ਲੱਭੇ ਨਾ ਕਿਸੇ ਥਾਈਆ ।

- ☐ ਰਵਿਦਾਸ ☐ ਸਤਿਗੁਰ ਨਾਨਕ
- ☐ ਫਰੀਦ ☐ ਕਬੀਰ

੮੨) ਸੰਗਤ ਸਾਚੀ ਜਾਣੀਏ, ਆਤਮ ਅੰਤਰ ਰੰਗ । ਸੰਗਤ ਸਾਚੀ ਜਾਣੀਏ, ਘਰ ਵੇਖੇ ........ ਪਲੰਘ ।

- ☐ ਸੇਜ ☐ ਜਗਤ
- ☐ ਸਜਿਆ ☐ ਇਕ

੮੩) "ਹਰਿ ਸੰਗਤ ਤੇਰੇ ਦਰਸ਼ਨ ਨੂੰ ; ਘਰ ਚਲ ਪਰਮੇਸਵਰ ਆਇਆ ।" ...... *ਇਹ ਸ਼ਬਦ ਕਿਸ ਗਰੰਥ ਵਿਚ ਹੈ ?*

- ☐ ਬਾਈਵਾਂ ☐ ਸਤਾਰਵਾਂ
- ☐ ਤੇਈਆਂ ☐ ਵੀਹਵਾਂ

੮੪) ਜੋ ਮੇਰਾ ਸਿਖ ਅਖਵਾਇੰਦਾ, ਤਿਸ ਏਕਾ ਰੂਪ ਨਜ਼ਰ ਆਏ ਸੰਸਾਰ । ਗੋਬਿੰਦ ........ ਅੰਦਰ ਡੇਰਾ ਲਾਇੰਦਾ, ਕੋਈ ਘਟ ਨਾ ਦਿਸੇ ਜਿਸ ਸੁੱਤਾ ਨਾ ਪੈਰ ਪਸਾਰ ।

- ☐ ਸਚਖੰਡ ☐ ਹਰ ਘਟ
- ☐ ਗੁਰਸਿਖਾਂ ☐ ਪੰਜ ਤਤ

੮੫) ........ ਤੇਰਾ ਪਿਆਰ ਹਰਿ ਪੀ ਪੀ ਰੱਜਣਾ, ਆਪਣੀ ਤ੍ਰਿਸ਼ਨਾ ਭੁੱਖ ਮਿਟਾਈਆ ।

☐ ਸਤਿਗੁਰ ☐ ਲਿਖਾਰੀਓ
☐ ਹਰਿ ਸੰਗਤ ☐ ਕਲਜੁਗ

੮੬) ਪ੍ਰਭੂ ਦਾ ਸਭ ਨੂੰ ਪਾਲਣ ਵਾਲਾ ਰੂਪ ;

☐ ਬ੍ਰਹਮਾ ☐ ਵਿਸ਼ਨੂੰ
☐ ਗੋਬਿੰਦ ☐ ਸ਼ਿਵ

੮੭) ਗੁਰ ਸੰਗਤ ਤੇਰਾ ........, ਹਰਿ ਸਾਚਾ ਆਪ ਸਮਝਾਇੰਦਾ । ਏਕਾ ਦਿਵਸ ਸਤਾਰਾ ਹਾੜਾ, ਸ਼ਬਦੀ ਸ਼ਬਦ ਉਪਜਾਇੰਦਾ ।

☐ ਜਨਮ ਦਿਹਾੜਾ ☐ ਸੁਭ ਦਿਹਾੜਾ
☐ ਨਾਮ ਦਿਹਾੜਾ ☐ ਵਿਆਹ ਦਿਹਾੜਾ

੮੮) ........ ਮਿਲ ਗੁਰ ਸੰਗਤ ਕਹੀਏ । ਗੁਰ ਸੰਗਤ ਮਿਲ ਸੋਹੰ ਸ਼ਬਦ ਗੁਣ ਗਾਈਏ ।

☐ ਗੁਰਸਿਖ ☐ ਹਰਿਜਨ
☐ ਸਤਿਗੁਰ ☐ ਬੇਮੁੱਖ

੮੯) ਆਤਮ ਗਿਆਨ ਜਿਸ ਨੂੰ ਨਹੀਂ, ਕੇਵਲ ਵਿਦਿਆ ਦਾ ਪੰਡਤ ਹੈ :

☐ ਬ੍ਰਹਮ ਗਿਆਨੀ ☐ ਪੰਡਤ
☐ ਭ੍ਰਮ ਗਿਆਨੀ ☐ ਅਗਿਆਨੀ

੯੦) ਸਦੀ ਚੌਧਵੀਂ ਕਹੇ ਜਨ ਭਗਤੋ ਕੋਟ ਜਨਮ ਦੀ ਭਗਤੀ ਨਾਲੋਂ ਪ੍ਰਭ ਦਾ ਦਰਸ਼ਨ ਇਕੋ ਵਾਰ ਚੰਗਾ, ਜੋ .......... ਦਾ ਲੇਖਾ ਦਏ ਚੁਕਾਈਆ ।

☐ ਜੁਗ ਜੁਗ ☐ ਲੱਖ ਚੁਰਾਸੀ
☐ ਜਨਮ ਜਨਮ ☐ ਚਾਰ ਜੁਗ

੯੧) ਸਾਰੇ ਸੋਚੋ ...... ਤੋਂ ਪਹਿਲੋਂ ਤੇ ਮਰਨ ਤੋਂ ਬਾਦ ਕਰੋਗੇ ਕੀ, ਜੇ ਸਤਿਗੁਰ ਨਾ ਹੋਏ ਸਹਾਈਆ ।

☐ ਜਨਮ ☐ ਕਰਮ
☐ ਮਰਨ ☐ ਸਰੀਰ ਧਾਰਨ

੯੨) "ਆਤਮ ਤੀਰਥ ਕਰ ਇਸ਼ਨਾਨ" ਇਹ ਇਸ਼ਨਾਨ ਕਿਥੇ ਹੁੰਦਾ ?

☐ ਅੱਠ ਸੱਠ ਤੀਰਥਾਂ ਤੇ ☐ "ਅੰਮ੍ਰਿਤ ਕੁੰਡ" ਵਾਲੀ ਖੂਹੀ
☐ ਆਤਮਿਕ ਗਿਆਨ ਰੂਪੀ ਤੀਰਥ ☐ ਹੀਰਾ ਘਾਟ ਤੇ

੯੩) ਕਰ ਬੇਨੰਤੀ ਜੇ ਲੱਭੇ ......., ਏਹ ਮੰਜ਼ਲ ਸਤਿਗੁਰ ਸੱਚੇ ਕਦੇ ਨਾ ਭਾਈਆ ।

☐ ਦੌਲਤ ਬੇਸ਼ੁਮਾਰ ☐ ਬਣਨਾ ਗੁਰੂ ਅਵਤਾਰ
☐ ਦਸਮ ਦਵਾਰ ☐ ਦਰਸ ਦੀਦਾਰ

੯੪) "ਕਿੱਡਾ ਸੋਹਣਾ ਪੁਰ ਅਨੰਦ, ਸੋਹਣਿਆ ਦਿਤਾ ਬਣਾਈਆ । ਅੱਜ ਕਰ ਦਰਵਾਜੇ ਬੰਦ, ਕੀਤੀ ਸਰਬ ਜੁਦਾਈਆ ।" ਗੁਰੂ ਗੋਬਿੰਦ ਸਿੰਘ ਜੀ ਨੂੰ ਕਿਸ ਨੇ ਕਿਹਾ?

☐ ਮਾਤਾ ਗੁਜਰੀ ਨੇ ☐ ਗੁਰ ਅਵਤਾਰ ਪੈਗੰਬਰਾਂ ਨੇ
☐ ਮਾਤਾ ਜੀਤੋ ਨੇ ☐ ਪੁਰਖ ਅਕਾਲ ਨੇ

੯੫) ਪੁਰਖ ਅਕਾਲ ਕਿਹਾ ......... ਤੋਂ ਬਾਦ ਪੰਜ ਤੱਤ ਧਰਾਂ ਕਲਬੂਤ, ਕਾਇਆ ਇਕ ਵਡਿਆਈਆ ।

☐ ਕਲਜੁਗ ☐ ਸਦੀ ਚੌਧਵੀ
☐ ਢਈਏ ☐ ਅਵਤਾਰ ਪੈਗੰਬਰ ਗੁਰੂਆਂ

੯੬) ਨਿਜ ਘਰ ਵਾਸੀ ਨਿਜ ........ ਪਾਓ ।

☐ ਨੇਤਰ ☐ ਆਤਮ
☐ ਦਰਸ਼ਨ ☐ ਨੰਦ

੯੭) ਗੁਰਮੁਖੋ ਗੁਰਮੁਖਾਂ ਵਾਲਾ ਕਰੋ ਧੰਦਾ, ...... ਨਾਤਾ ਦੇਣਾ ਤੁੜਾਈਆ ।

☐ ਜਗਤ ☐ ਕਲਜੁਗ
☐ ਕੂੜੀ ਕਿਰਿਆ* ☐ ਰਿਸਤੇਦਾਰਾਂ

੯੮) ਚੁੰਚ ਗਿਆਨੀ ਕਿਸ ਨੂੰ ਕਹਿੰਦੇ ਹਨ ?

☐ ਇਕ ਪੰਛੀ ਨੂੰ ☐ ਚੁੰਜਾਂ ਦਾ ਗਿਆਨ ਰੱਖਣ ਵਾਲੇ ਨੂੰ
☐ ਪੰਛੀਆਂ ਦਾ ਡਾਕਟਰ ☐ ਅਮਲ ਰਹਿਤ ਵਕਤਾ ਨੂੰ

੯੯) ਹਰਿ ਸੰਗਤ ਸੇਵਾ ਸਾਚਾ ਮੂਲ, ਅਨਮੁਲ ਆਪ ਜਣਾਇੰਦਾ । ........... ਬਰਖੇ ਫੂਲ, ਦੂਜੀ ਮੰਗ ਨਾ ਕੋਇ ਮੰਗਾਇੰਦਾ ।

☐ ਸੱਤ ਰੰਗ ਦੇ ☐ ਪਰੇਮ ਪਿਆਰ ਦੇ
☐ ਗੁਲਾਬ ☐ ਰੰਗ ਬਰੰਗੇ

੧੦੦) ਜੋ ਪੜ੍ਹਦਾ ਰਿਹਾ ਨਾਲ ਮਸਲਾ, ਜਿਹਵਾ ਨਾਲ ਸੁਣਾਈਆ । ਉਸ ਦਾ ਨਜ਼ਰ ਨਾ ਆਇਆ ਅਸਲਾ, ਅਸਲੀਯਤ ਸਕੇ ਨਾ ਕੋਇ ਸਮਝਾਈਆ । ਉਹ .......... ਦੀ ਜੂਨੇ ਪਏ ਨਸਲਾ, ਪੀਠ ਭਾਰ ਉਠਾਈਆ ।

☐ ਭੂਤ ☐ ਘੋੜੇ
☐ ਖਰ* ☐ ਖੱਚਰ